# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਨੰਬਰ______________/ਸੀ.ਏ.-9

ਮਿਤੀ____________________

ਕੇਂਦਰ ਨਿਗਰਾਨ,

_______________________________________

_______________________________________

**ਵਿਸ਼ਾ :** *ਯੂਨੀਵਰਸਿਟੀ ਪ੍ਰੀਖਿਆਵਾਂ ਮਾਰਚ/ਅਪ੍ਰੈਲ/ਸਤੰਬਰ/ਅਕਤੂਬਰ ਦੇ ਯੂ.ਐਮ.ਸੀ. ਫਾਰਮਾਂ ਦਾ ਵੇਰਵਾ।*

ਸ੍ਰੀ ਮਾਨ ਜੀ/ਮੈਡਮ ਜੀ,

ਯੂਨੀਵਰਸਿਟੀ ਪ੍ਰੀਖਿਆਵਾਂ ਲਈ ਆਪ ਜੀ ਦੇ ਕੇਂਦਰ ਵਿਚ ਵਰਤੋਂ ਲਈ ______________________ ਯੂ.ਐਮ.ਸੀ. (ਈ.ਸੀ. 20) ਫਾਰਮ ਲੜੀ ਨੰਬਰ ____________________________________________

________________________________________________________________

ਭੇਜੇ ਜਾ ਰਹੇ ਹਨ। ਜੇਕਰ ਇਨ੍ਹਾਂ ਫਾਰਮਾਂ ਦੀ ਗਿਣਤੀ ਜਾਂ ਲੜੀ ਨੰਬਰ ਵਿਚ ਕੋਈ ਤਰੁੱਟੀ ਹੋਵੇ ਤਾਂ ਰਜਿਸਟਰਡ ਪੱਤਰ ਰਾਹੀਂ ਨਿਮਨ-ਹਸਤਾਖਰਿਤ ਨੂੰ ਤੁਰੰਤ ਸੂਚਨਾ ਦੇਣ ਦੀ ਖੇਚਲ ਕੀਤੀ ਜਾਵੇ।

ਪ੍ਰੀਖਿਆਵਾਂ ਦੌਰਾਨ ਈ.ਸੀ.-20 ਫਾਰਮਾਂ ਦੀ ਵਰਤੋਂ ਲੜੀਵਾਰ ਕੀਤੀ ਜਾਣੀ ਹੈ ਅਤੇ ਹਰ ਕੇਸ ਵੱਖਰੇ-ਵੱਖਰੇ ਫਾਰਮ ਤੇ ਭਰਿਆ ਜਾਣਾ ਹੈ, ਭਾਵ ਇਕ ਕੇਸ ਲਈ ਇਕ ਫਾਰਮ ਹੀ ਵਰਤਿਆ ਜਾਵੇ। ਜੇਕਰ ਕਿਸੇ ਕਾਰਨ ਈ.ਸੀ.-20 ਫਾਰਮ ਥੁੜ੍ਹ ਜਾਣ ਤਾਂ ਨਿਗਰਾਨ ਸਾਹਿਬਾਨ ਅਖੀਰਲਾ ਈ.ਸੀ.-20 ਫਾਰਮ ਆਪਣੇ ਕੋਲ ਰੱਖ ਕੇ ਉਸ ਦੀਆਂ ਫੋਟੋ ਕਾਪੀਆਂ ਕਰਵਾ ਲੈਣ ਅਤੇ ਉਸ ਉਪਰ ਆਪਣੇ ਕੋਲ ਰੱਖੇ ਫਾਰਮ ਦਾ ਲੜੀ ਨੰਬਰ ਲਾ ਕੇ/ਈ.ਸੀ. ਲੋੜ ਅਨੁਸਾਰ ਲਗਾ ਲੈਣ। ਜਿਵੇਂ ਕਿ ਮਿਸਾਲ ਦੇ ਤੌਰ 'ਤੇ ਜੇਕਰ ਆਖਰੀ ਫਾਰਮ ਨੰਬਰ 236 ਹੈ ਤਾਂ ਫੋਟੋ ਕਾਪੀ 'ਤੇ 236/ਏ, 236/ਬੀ ਆਦਿ ਲਗਾ ਲਿਆ ਜਾਵੇ। ਪ੍ਰੀਖਿਆਵਾਂ ਉਪਰੰਤ ਬਚਦੇ ਕੋਰੇ ਫਾਰਮ ਵਾਪਸ ਭੇਜਣ ਦੇ ਨਾਲ ਨਾਲ ਵਰਤੇ ਗਏ ਫਾਰਮਾਂ ਦਾ ਵੇਰਵਾ ਨਾਲ ਨੱਥੀ ਪ੍ਰੋਫਾਰਮੇ ਵਿਚ ਭਰ ਕੇ ਰਜਿਸਟਰਡ ਪੱਤਰ ਦੁਆਰਾ ਇਸ ਦਫਤਰ ਨੂੰ ਭੇਜਿਆ ਜਾਵੇ। ਪਿੱਛੇ ਦੇਖਣ ਵਿਚ ਆਇਆ ਹੈ ਕਿ ਕਈ ਨਿਗਰਾਨ ਸਾਹਿਬਾਨ ਬਕਾਇਆ ਯੂ.ਐਮ.ਸੀ. ਫਾਰਮ ਆਖਰੀ ਨਿਗਰਾਨ ਪੈਕਟ ਵਿਚ ਭੇਜਦੇ ਹਨ। ਅਜਿਹਾ ਕਤਈ ਨਹੀਂ ਕਰਨਾ, ਸਗੋਂ ਨਿਮਨ-ਹਸਤਾਖਰਿਤ ਦੇ ਨਾਮ 'ਤੇ ਰਜਿਸਟਰਡ ਡਾਕ ਰਾਹੀਂ ਭੇਜੇ ਜਾਣ ਅਤੇ ਇਸੇ ਪੈਕਟ ਵਿਚ ਰਜਿਸਟਰਾਰ/ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ) ਦੇ ਦਸਤਖਤ ਵਾਲੀ ਮੋਹਰ ਵੀ ਭੇਜੀ ਜਾਵੇ।

ਹਦਾਇਤ ਪੁਸਤਕ ਪੰਨਾਂ 33 ਅਨੁਸਾਰ ਯੂ.ਐਮ.ਸੀ. ਦੇ ਪ੍ਰੋਫਾਰਮੇ ਘਟਣ ਜਾਂ ਗੁਆਚਣ ਦੀ ਸੂਰਤ ਵਿਚ 100/-ਰੁਪਏ ਪ੍ਰਤੀ ਫਾਰਮ ਪਨੈਲਟੀ ਲਾਉਣ ਦੇ ਨਾਲ ਅਨੁਸ਼ਾਸਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

**ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।**

ਵਿਸ਼ਵਾਸ-ਪਾਤਰ

ਨਿਗਰਾਨ (ਕਾਰਜ-ਸੰਚਾਲਨ)
ਵਾ: ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ)

**ਨੱਥੀ :** ਈ.ਸੀ.-20 ਫਾਰਮ